ੴ

ਅਕਾਲ ਸਹਾਏ

# Sikh Temple Sacramento

ਅਕਾਲ ਸਹਾਏ

2301 EVERGREEN AVENUE
WEST SACRAMENTO, CA 95691
916. 371. 9787

MAILING ADRESS
P. O. BOX 851
Sacramento, CA U. S. A.
95691 - 0851

July – August 2010

Guru Pyari Sadh Sangat Ji,

All are cordially invited on the celebration of the Anniversary of Sikh Temple Sacramento's Foundation Day, being celebrated on 26 July 2009. Famous kirtan jathas, kavishars & kathawachaks are participating.

Kirtan and Langar sewa will be performed by S. Samooh Sadh Sangat of Folsom.

All are requested to join in praying for Chardi Kala of Gurdwara Sahib and Sangat and obtain Guru's blessing.

"They who wear silk (good qualities) in the mind and a simple-wear outside; they are quite well off in the world. God's love is aroused in them and they are God like there by."

Their ego vanishes and their humility becomes the source of God's virtues and as a result they became divinely.

(Page 473)

Balbir S. Dhillon
President

**News & Views**

1. The next session of Sunday School will start on August 29, 2010. The 2010-2011 Registration will begin on August 1, 2010...
2. The Punjabi Sunday School Annual Cultural program was held on 23rd of May 2010 in downtown Crest Theater at 3:30PM – 7:00PM. The program was started and finished at the right appointed time and the performance of the students was excellent as the teachers took special interest in their training and selection.
3. Hemkunt Kirtan competition was held on June 12th at Gurdwara Sahib San Jose and Kirtan Jatha from our Gurdwara Sahib came on third position.
   Kirtan Jatha from our Gurdwara Sahib came on third position
4. Important days in the month of July and August are:
   Sangrand: 16 July (Sawan), 16 August (Bhadon); Purnmashi: 7 July and 5-6 August; Maseia: 20 July and 20 August; Gurpurb: Birthday Guru Hargobind Sahib 5 July, Birthday Guru Harkishan Sahib 23 July.
5. The Management Committee meets the last Sunday of every month at 8:30AM.
6. The internet address of the Sikh Temple is: www.sikhtemple.org

ੴ

ਅਕਾਲ ਸਹਾਏ

# Sikh Temple Sacramento

ਅਕਾਲ ਸਹਾਏ

2301 EVERGREEN AVENUE
WEST SACRAMENTO, CA 95691
916. 371. 9787

MAILING ADRESS
P. O. BOX 851
Sacramento, Ca. U. S. A.
95691 - 0851

July – August,2010

ੴ ਸਤਿਗੁਰ ਪ੍ਰਸਾਦਿ ॥

ਗੁਰੂ ਪਿਆਰੀ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਹਰ ਸਾਲ ਵਾਂਗ ਇਸ ਸਾਲ ਵੀ ਗੁਰਦਵਾਰਾ ਸਾਹਿਬ ਸਿੱਖ ਟੈਂਪਲ ਸੈਕਰਾਮੈਂਟੋ ਵਿਖੇ ਸਾਲਾਨਾ ਸਥਾਪਨਾ ਦਿਵਸ 25 ਜੁਲਾਈ, 2010 (ਐਤਵਾਰ) ਨੂੰ ਬੜੀ ਧੂੰਮ ਧਾਮ ਨਾਲ ਮੰਨਾਇਆ ਜਾ ਰਿਹਾ ਹੈ। ਕੀਰਤਨ ਤੇ ਲੰਗਰ ਦੀ ਸੇਵਾ ਅਤੇ ਸਮੂਹ ਸਾਧ ਸੰਗਤ ਫੌਲਸਮ ਵਲੋਂ ਹੈ। ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਕਵੀਸ਼ਰ ਤੇ ਕਥਾਕਾਰ ਇਸ ਵਿਚ ਭਾਗ ਲੈ ਰਹੇ ਹਨ। ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਪਿਛਲੇ ਸਾਲ ਦੀਆਂ ਬਖਸ਼ਸ਼ਾਂ ਦਾ ਧੰਨਵਾਦ ਕਰਨ ਲਈ ਅਤੇ ਆਉਣ ਵਾਲੇ ਸਾਲ ਵਿੱਚ ਸਤਿਗੁਰਾਂ ਦੀਆਂ ਬਖਸ਼ਸ਼ਾਂ ਪ੍ਰਾਪਤ ਕਰਨ ਤੇ ਸਾਰੀ ਸੰਗਤ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨ ਹਿਤ ਪੂਰੇ ਉਤਸ਼ਾਹ ਨਾਲ ਸ਼ਾਮਲ ਹੋ ਕੇ ਧੰਨਵਾਦੀ ਬਣਾਉ ਜੀ।

**"ਜਿਨੁ ਪਟੁ ਅੰਦਰਿ ਬਾਹਰ ਗੁਦੜੁ ਤੇ ਭਲੇ ਸੰਸਾਰਿ॥**
**ਤਿਨੁ ਨੇਹੁ ਲਗਾ ਰਬ ਸੇਤੀ ਦੇਖਨੇ ਵਿਚਾਰਿ॥"**

{ਪੰਨਾ 473}

ਜਿਨ੍ਹਾਂ ਜੀਵਾਂ ਦੇ ਮਨ ਅੰਦਰੋ ਗੁਣਾ ਨਾਲ ਭਰੇ ਹੁੰਦੇ ਹਨ ਅਤੇ ਬਾਹਰੋਂ ਉਹ ਰੇਸ਼ਮ ਦੀ ਥਾਂ ਸਿਧੇ ਸਾਧੇ ਕਪੜੇ ਪਾ ਕੇ ਖੁਸ਼ ਰਹਿੰਦੇ ਹਨ, ਉਹ ਰਬ ਦੇ ਨੇੜੇ ਹੁੰਦੇ ਹਨ ਤੇ ਰਬ ਨੂੰ ਚੰਗੇ ਲਗਦੇ ਹਨ। ਇਸ ਨਾਲ ਉਨ੍ਹਾਂ ਦੀ ਹਉਮੈ ਦੂਰ ਰਹਿੰਦੀ ਹੈ ਤੇ ਉਨ੍ਹਾਂ ਦੇ ਪ੍ਰਭੂ ਪਿਆਰ ਵਿਚ ਕੋਈ ਵਿਘਨ ਨਹੀਂ ਪੈਂਦਾ।

ਪ੍ਰਧਾਨ
ਬਲਬੀਰ ਸਿੰਘ ਢਿੱਲੋਂ

## ਜਰੂਰੀ ਸੂਚਨਾਵਾਂ

### ਪੰਜਾਬੀ ਸੰਡੇ ਸਕੂਲ :-

1. ਪੰਜਾਬੀ ਸੰਡੇ ਸਕੂਲ ਦਾ ਅਗਲਾ ਸੈਸ਼ਨ 29 ਅਗਸਤ 2010 ਨੂੰ ਸ਼ੁਰੂ ਹੋਵੇਗਾ। ਇਸ ਦੀ ਰਜਿਸਟਰੇਸ਼ਨ ਅਗਸਤ 1 ਨੂੰ ਹੋਵੇਗੀ।
2. ਪੰਜਾਬੀ ਸੰਡੇ ਸਕੂਲ ਦਾ ਸਾਲਾਨਾ ਕਲਚਰਲ ਪ੍ਰੋਗਰਾਮ ਡਾਊਨ ਸੈਕਰਾਮੈਂਟੋ ਦੇ ਕ੍ਰੈਸਟ ਥੀਏਟਰ ਵਿਚ ਮਈ 23 ਨੂੰ ਠੀਕ ਨੀਯਤ ਸਮੇ 3:30 ਵਜੇ ਸ਼ਾਮ ਨੂੰ ਸ਼ੁਰੂ ਹੋ ਕੇ 7:00 ਵਜੇ ਸ਼ਾਮ ਨੂੰ ਸਮਾਪਤ ਹੋਇਆ। ਕਲਚਰਲ ਪ੍ਰੋਗਰਾਮ ਦਿਲਚਸਪ ਅਤੇ ਸਫਲ ਸੀ। ਬੱਚਿਆਂ ਨੂੰ ਸਿਖਾਉਣ ਵਿਚ ਸਿਖਾਉਣ ਵਾਲੇ ਸਬੰਧਤ ਟੀਚਰਾਂ ਨੇ ਖਾਸ ਦਿਲਚਸਪੀ ਲੈ ਕੇ ਮਿਹਨਤ ਕਰਾਈ ਹੋਈ ਸੀ ਅਤੇ ਖੇਡਣ ਦਾ ਮਿਆਰ ਵੀ ਬਹੁਤ ਉੱਚਾ ਸੀ।
3. ਹੇਮਕੁੰਟ ਫਾਉਂਡੇਸ਼ਨ ਕੀਰਤਨ ਕੰਪੀਟੀਸ਼ਨ 2 ਜੂਨ ਨੂੰ ਗੁਰਦਵਾਰਾ ਸੈਨ ਹੋਜ਼ੇ ਸਾਹਿਬ ਵਿਖੇ ਹੋਇਆ। ਗੁਰਦਵਾਰਾ ਸਾਹਿਬ ਸੈਕਰਾਮੈਂਟੋ ਦਾ ਜਥਾ ਤੀਸਰੇ ਨੰਬਰ ਤੇ ਆਇਆ ਅਤੇ ਹੋਰ ਬੱਚੇ ਫਸਟ ਤੇ ਸੈਕਿੰਡ ਵੀ ਆਏ।
4. **ਮਹੀਨਾ ਜੁਲਾਈ ਅਤੇ ਅਗਸਤ ਵਿਚਲੇ ਜਰੂਰੀ ਦਿਨ**:
   ਸੰਗਰਾਂਦ: 16 ਜੁਲਾਈ (ਸਾਵਣ ਮਹੀਨਾ) ਤੇ 16 ਅਗਸਤ (ਭਾਦੋਂ ਮਹੀਨਾ)
   ਪੂਰਨਮਾਸ਼ੀ: 7 ਜੁਲਾਈ ਤੇ 5-6 ਅਗਸਤ; ਮੱਸਿਆ: 22 ਜੁਲਾਈ ਤੇ 20 ਅਗਸਤ
   ਗੁਰਪੁਰਬ: ਅਵਤਾਰ ਦਿਵਸ ਗੁਰੂ ਹਰਗੋਬਿੰਦ ਸਾਹਿਬ ਜੀ 5 ਜੁਲਾਈ, ਅਵਤਾਰ ਦਿਵਸ ਗੁਰੂ ਹਰਕਿਸ਼ਨ ਸਾਹਿਬ 23 ਜੁਲਾਈ
5. ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਸਵੇਰੇ 8:30AM - 10:30AM ਵਜੇ ਤੱਕ ਹੁੰਦੀ ਹੈ।
6. ਗੁਰਦਵਾਰਾ ਸਾਹਿਬ ਦੇ ਦਰਬਾਰ ਹਾਲ ਅੰਦਰ ਦਾਖਲ ਹੋਣ ਤੋਂ ਪਹਿਲਾਂ ਆਪਣੇ ਟੈਲੀਫੋਨ ਜਰੂਰ ਬੰਦ ਕਰ ਲਵੋ ਜੀ।
7. ਗੁਰਦਵਾਰਾ ਸਾਹਿਬ ਦੇ ਇੰਟਰਨੈਂਟ ਦਾ ਐਡਰੈਸ : **www.sikhtemple.org** ਹੈ।